# ਜੋ ਪ੍ਰਭ ਕੀਏ ਭਗਤਿ ਤੇ ਬਾਹਜ

## ਗਉੜੀ ਚੇਤੀ

## ੴ ਸਤਿ ਗੁਰ ਪ੍ਰਸਾਦਿ

ਇਹ ਸ਼ਬਦ ਭਗਤ ਕਬੀਰ ਜੀ ਨੇ ਉਚਾਰਣ ਕੀਤਾ ਹੈ ਜੋ ਰਾਗ ਗਉੜੀ ਦੇ ਚੇਤੀ ਪ੍ਰਕਾਰ ਵਿਚ, ਪੰਨਾ ੩੩੨ ਤੇ ਸੁਭਾਇਮਾਨ ਹੈ। ਸ਼ਬਦ ਅਰੰਭ ਕਰਣ ਤੋਂ ਪਹਿਲਾਂ, ਮੰਗਲਾਚਰਣ ਦਾ ਸੰਖਿਪਤ ਸਰੂਪ ਅੰਕਤ ਹੈ।

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ।।**

**ਬਾਤਨ ਹੀ ਅਸਮਾਨੁ ਗਿਰਾਵਹਿ।।੧।।**

-- ਭਗਤ ਕਬੀਰ ਜੀ ਨੇ ਇਸ ਸ਼ਬਦ ਵਿਚ ਭਗਤੀ ਵਿਹੀਣ ਮਨੁਖਾਂ ਦੀ ਦਸ਼ਾ ਦਸੀ ਹੈ, ਅਤੇ ਇਸ ਦੇ ਬਾਵਜੂਦ ਵੀ, ਉਹ ਦੂਜਿਆਂ ਦੇ ਨੁਕਸ ਕਢਣ ਤੋਂ ਬਾਜ਼ ਨਹੀਂ ਆਉਂਦੇ। ਭਗਤ ਕਬੀਰ ਜੀ ਬੜੇ ਤਿਖੇ ਸ਼ਬਦਾਂ ਵਿਚ, ਅਜਿਹੇ ਲੋਕਾਂ ਦਾ ਖੰਡਨ ਕਰਦੇ ਹਨ ਜੋ ਹਰੀ ਦਾ ਜੱਸ, ਭਾਵ, ਸਿਮਰਣ, ਨਾ ਸੁਣਦੇ ਹਨ ਅਤੇ ਨਾ ਹੀ ਖ਼ੁਦ ਵੀ ਕਰਦੇ ਹਨ। ਸਿਰਫ਼ ਵਡੀਆਂ ਵਡੀਆਂ ਗਲਾਂ ਕਰਕੇ ਅਸਮਾਨ ਢਾਹੁਣ ਵਾਲੀਆਂ ਫ਼ੁੱੜਾਂ ਮਾਰਦੇ ਹਨ।੧।

ਸ੍ਰੀ ਗੁਰੂ ਨਾਨਕ ਸਾਹਿਬ ਵੀ ਅਜਿਹੇ ਮਨੁਖਾਂ ਬਾਰੇ ਦਸਦੇ ਹਨ ਕਿ ਐਸੇ ਮਨੁਖ, ਗਲਾਂ ਤਾਂ ਬਹੁਤ ਹੀ ਚੰਗਿਆਈਆਂ ਦੀਆਂ ਭਰੀਆਂ ਹੋਈਆਂ ਕਰਦੇ ਹਨ ਪਰ ਆਚਾਰ ਵਿਹਾਰ ਵਿਚ ਬੁਰੇ ਹੁੰਦੇ ਹਨ, ਠੀਕ ਉਸੇ ਤਰ੍ਹਾਂ ਜਿਵੇਂ ਬਾਹਰੋਂ ਚਿਟੇ ਅਤੇ ਹਿਰਦੇ ਤੋਂ ਕਾਲੇ ਹੋਣਾ - 'ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।। ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।।' ਭਗਤ ਕਬੀਰ ਜੀ ਨੇ ਵੀ ਫ਼ੁਰਮਾਣ ਕੀਤਾ ਹੈ ਕਿ ਇਕੱਲੇ ਵਡੀਆਂ ਗਲਾਂ ਕਰਕੇ ਪ੍ਰਾਪਤੀ ਨਹੀਂ ਹੋ ਸਕਦੀ। ਜਦ ਤਕ ਅੰਦਰਲੀ ਹਉਮੈ ਦਾ ਨਾਸ ਨਹੀਂ ਹੁੰਦਾ, ਤਦ ਤਕ ਪ੍ਰਾਪਤੀ ਸੰਭਵ ਨਹੀਂ - 'ਕਹਨ ਕਹਾਵਨ ਨਹ ਪਤੀਅਈ ਹੈ।। ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ।।'

**ਐਸੇ ਲੋਗਨ ਸਿਉ ਕਿਆ ਕਹੀਐ।।**

**ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।।੧।।ਰਹਾਉ।।**

-- ਭਗਤ ਕਬੀਰ ਸਾਹਿਬ ਦਾ ਫ਼ੁਰਮਾਣ ਹੈ ਕਿ ਅਜਿਹੇ ਲੋਕਾਂ ਦੇ ਤਾਂ ਕੀ ਕਹਿਣੇ ! ਖ਼ਬਰਦਾਰ ਕਰ ਰਹੇ ਹਨ ਕਿ ਉਹ ਮਨੁਖ, ਜੋ ਵਾਹਿਗੁਰੂ ਨੇ

ਭਗਤੀ ਤੋਂ ਵਾਂਝੇ ਰਖੇ ਹਨ, ਇਹੋ ਜਿਹਾਂ ਤੋਂ ਸਦਾ ਡਰ ਕੇ ਰਹਿਣਾ ਚਾਹੀਦਾ ਹੈ, ਭਾਵ, ਉਨ੍ਹਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ, ਨੇੜੇ ਨਹੀਂ ਲਗਣਾ ਚਾਹੀਦਾ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਨੇ, ਪੰਨਾ ੭੫੧ ਤੇ ਅਜਿਹੇ ਮਨੁਖਾਂ ਤੋਂ ਖ਼ਬਰਦਾਰ ਕਰਦੇ ਹਨ ਕਿ ਇਨ੍ਹਾਂ ਦਾ ਬਾਹਰੀ ਪਹਿਰਾਵਾ, ਸਾਫ਼ ਹੁੰਦਾ ਹੈ ਪਰ ਹਿਰਦੇ ਵਿਚ ਦਇਆ ਨਾ ਹੋਣ ਕਰ ਕੇ, ਧਰਮ ਤੋਂ ਦੂਰ ਹੁੰਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ ਹੁੰਦਾ, ਸਗੋਂ ਮੋਹ ਮਾਇਆ ਵਿਚ ਜਕੜੇ ਹੁੰਦੇ ਹਨ। ਉਹ ਆਪਣੇ ਅਸਲੇ, ਪ੍ਰਭੂ ਨੂੰ ਨਹੀਂ ਪਛਾਣਦੇ ਅਤੇ ਉਨ੍ਹਾਂ ਮੂਰਖਾਂ ਦਾ ਜੀਵਨ ਪਸ਼ੂਆਂ ਵਾਲਾ ਹੁੰਦਾ ਹੈ - 'ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ॥ ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ॥ ਮੂਲੁ ਨ ਬੂਝਹਿ ਆਪਣਾ ਸੇ ਪਸੂਆ ਢੋਰ ਜੀਉ॥'

ਕਬੀਰ ਸਾਹਿਬ, ੧੩੭੧ ਪੰਨਾ ਤੇ, ਅਜਿਹੇ ਲੋਕਾਂ ਨੂੰ ਸਾਕਤ ਕਹਿੰਦੇ ਹਨ ਅਤੇ ਉਨ੍ਹਾਂ ਤੋਂ ਦੂਰੋਂ ਹੀ ਭਜ ਜਾਣ ਦਾ ਉਪਦੇਸ਼ ਦਿੰਦੇ ਹਨ ਅਤੇ ਇਹ ਮਿਸਾਲ ਵੀ ਦਿੰਦੇ ਹਨ ਕਿ ਜਿਵੇਂ ਕਾਲੇ ਭਾਂਡੇ ਨੂੰ ਛੋਹਣ ਤੇ, ਕੁਝ ਨਾ ਕੁਝ ਕਾਲਾ ਧੱਬਾ ਲਗਣ ਦਾ ਡਰ ਰਹਿੰਦਾ ਹੀ ਹੈ - 'ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥'

**ਆਪਿ ਨ ਦੇਹਿ ਚੁਰੂ ਭਰਿ ਪਾਨੀ॥ ਤਿਹ ਨਿੰਦਹਿ ਜਿਹ ਗੰਗਾ ਆਨੀ॥੨॥**

-- ਅਜਿਹੇ ਲੋਕ ਆਪ ਤਾਂ ਕਦੇ ਚੁਲੀ ਭਰ ਪਾਣੀ ਵੀ ਕਿਸੇ ਨੂੰ ਦਾਨ ਨਹੀਂ ਦਿੰਦੇ, ਭਾਵ, ਆਪ ਤਾਂ ਭਗਤੀ ਕਮਾਈ ਕਦੇ ਕਰ ਕੇ ਨਹੀਂ ਵੇਖੀ ਪਰ... ਇਹ ਲੋਕ, ਉਨ੍ਹਾਂ ਲੋਕਾਂ ਦੀ ਨਿੰਦਿਆ ਕਰਨ ਤੋਂ ਵੀ ਨਹੀਂ ਟਲਦੇ, ਜਿਨ੍ਹਾਂ ਨੇ ਗੰਗਾ ਤਕ ਦਾਨ ਕਰ ਦਿਤੀ ਹੋਵੇ, ਭਾਵ, ਖ਼ੁਦ ਵੀ ਭਗਤੀ ਕੀਤੀ ਹੋਵੇ ਅਤੇ ਹੋਰਾਂ ਨੂੰ ਵੀ ਭਗਤੀ ਮਾਰਗ ਤੇ ਲਾਇਆ ਹੋਵੇ।੨।

ਸ੍ਰੀ ਗੁਰੂ ਨਾਨਕ ਸਾਹਿਬ ਤਾਂ ਇਥੋਂ ਤਕ ਫ਼ੁਰਮਾਣ ਕੀਤਾ ਹੈ ਕਿ ਇਸ ਕਲਿਜੁਗ ਵਿਚ ਤਾਂ ਲੋਕ ਵਾਹਗੁਰੂ ਦੇ ਨਾਮ ਵਿਚ ਰੰਗਿਆਂ ਹੋਇਆਂ ਦੀ ਨਿੰਦਿਆ ਕਰਨੋਂ ਨਹੀਂ ਟਲਦੇ - 'ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥' ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੨੦੨ ਤੇ, ਫ਼ੁਰਮਾਣ ਕਰਦੇ ਹਨ ਕਿ ਹਰ ਕਿਸਮ ਦੀ ਸੁਚ ਰਖਣ ਵਾਲਾ, ਸ਼ਾਸਤਰਾਂ ਦੇ ਮਿਥੇ ਛੇਹ ਕਰਮ ਕਰਨ ਵਾਲਾ ਵੀ, ਆਪਣੇ ਅੰਦਰ ਲੋਭ ਦੀ ਜੂਠ ਵਸਣ ਕਰਕੇ ਕਿਸੇ ਨੂੰ ਤਾਂ ਨਾਮ ਦੇਣ ਜੋਗਾ ਹੋ ਨਹੀਂ ਸਕਦਾ ਪਰ ਉਨ੍ਹਾਂ ਸੰਤ ਜਨਾਂ ਦੀ ਨਿੰਦਿਆ ਕਰਨੋਂ ਨਹੀਂ ਹਟਦਾ ਜੋ ਦੁਨੀਆਂ

ਨੂੰ ਨਾਮ ਪਦਾਰਥ ਵੀ ਵੰਡ ਦਿੰਦੇ ਹਨ, ਇਸ ਕਰਕੇ ਅਜਿਹਾ ਨਿੰਦਕ, ਅਗਿਆਨ ਦੇ ਘੁੱਪ ਹਨੇਰੇ ਵਿਚ ਡੁੱਬ ਜਾਂਦਾ ਹੈ - 'ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ।। ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ।।'

**ਬੈਠਤ ਉਠਤ ਕੁਟਿਲਤਾ ਚਾਲਹਿ।। ਆਪੁ ਗਏ ਅਉਰਨ ਹੂ ਘਾਲਹਿ।।੩।।**

-- ਅਜਿਹੇ ਲੋਕ ਬਹਿੰਦਿਆਂ ਉਠਦਿਆਂ, ਦੂਜਿਆਂ ਦਾ ਨੁਕਸਾਨ ਕਰਨ ਲਈ ਮਾੜੀਆਂ ਚਾਲਾਂ ਹੀ ਚਲਦੇ ਰਹਿੰਦੇ ਹਨ, ਆਪ ਤਾਂ ਕੁਰਾਹੇ ਪਏ ਹੋਣ ਕਰਕੇ ਡੁਬਦੇ ਹੀ ਹਨ, ਉਨ੍ਹਾਂ ਦੀ ਭੈੜੀ ਸੰਗਤ ਕਰਕੇ ਹੋਰਨਾਂ ਨੂੰ ਵੀ ਤਬਾਹ ਕਰ ਦਿੰਦੇ ਹਨ।੩।

ਕਬੀਰ ਸਾਹਿਬ, ੧੧੦੨ ਪੰਨੇ ਤੇ, ਇਸੇ ਤਰ੍ਹਾਂ ਦੇ ਪੰਡਿਆਂ ਨੂੰ ਸੰਬੋਧਨ ਕਰਦਿਆਂ ਬਚਨ ਕਰਦੇ ਹਨ - 'ਪਡੀਆ ਕਵਨ ਕੁਮਤਿ ਤੁਮ ਲਾਗੇ।। ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ।।'

**ਛਾਡਿ ਕੁਚਰਚਾ ਆਨ ਨ ਜਾਨਹਿ।। ਬ੍ਰਹਮਾ ਹੂ ਕੋ ਕਹਿਓ ਨ ਮਾਨਹਿ।।੪।।**

-- ਥੋਥੀ ਬਹਿਸਬਾਜ਼ੀ ਤੋਂ ਛੁੱਟ, ਉਹ ਹੋਰ ਕੁਝ ਨਹੀਂ ਜਾਣਦੇ। ਖ਼ੁਦ ਸਾਖਸ਼ਾਤ ਬ੍ਰਹਮਾ ਵੀ, ਜਿਸਨੂੰ ਇਹ ਵੇਦਾਂ ਦਾ ਰਚਇਤਾ ਮੰਨਦੇ ਹਨ, ਉਨ੍ਹਾਂ ਨੂੰ ਵਰਜ ਦੇਵੇ ਤਾਂ ਵੀ ਨਹੀਂ ਟਲਦੇ, ਭਾਵ ਆਪਣੇ ਤੋਂ ਛੁੱਟ ਹੋਰ ਕਿਸੇ ਨੂੰ ਵੀ ਸਿਆਣਾ ਨਹੀਂ ਮੰਨਦੇ।੪। (ਹੇ ਮੇਰੇ ਮਨ ! ਤੂੰ ਕਿਸ ਖੇਤ ਦੀ ਮੂਲੀ ਹੈਂ।)

ਪੰਚਮ ਪਾਤਸ਼ਾਹ, ੧੩੦੮ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਅਜਿਹੇ ਲੋਕ ਹਰ ਵਕਤ ਚਰਚਾ ਹੀ ਕਰਦੇ ਰਹਿੰਦੇ ਹਨ, ਜਿਸ ਨਾਲ ਉਹ ਮੂਰਖ ਮੂਰਖ ਮੂਰਖ ਹਮੇਸ਼ਾਂ ਹੰਕਾਰ ਹੰਕਾਰ ਵਿਚ ਹੀ ਬਉਰੇ ਹੋਏ ਰਹਿੰਦੇ ਹਨ - 'ਕਰਤ ਕਰਤ ਚਰਚ ਚਰਚ ਚਰਚਰੀ।।... ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ।।'

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪਖੰਡ ਕਰਨ ਨਾਲ ਪਾਰਬ੍ਰਹਮ ਨੂੰ ਨਹੀਂ ਪਾਇਆ ਜਾ ਸਕਦਾ, ਅਜਿਹੇ ਲੋਕ ਆਪਣੀ ਬਾਹਰ ਦੀ ਮੈਲ ਤਾਂ ਇਸ਼ਨਾਨ ਕਰ ਕਰ ਕੇ ਲਾਹੁਣ ਦਾ ਜਤਨ ਕਰਦੇ ਹਨ, ਪਰ ਅੰਦਰ ਦੀ ਜੂਠ ਉਤਾਰਨ ਦਾ ਕੋਈ ਉਪਾਅ ਨਹੀਂ ਕੀਤਾ, ਫ਼ਿਰ ਉਲਟੇ, ਸਾਧ ਜਨਾਂ ਨਾਲ ਵਾਦ ਵਿਵਾਦ ਰਚਾਈ ਰਖਦੇ ਹਨ - 'ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ।।... ਬਾਹਰਿ ਮਲੁ ਧੋਵੈ ਮਨਿ ਕੀ ਜੂਠਿ ਨ ਜਾਏ।। ਸਤਿ ਸੰਗਤਿ ਸਿਉ

ਬਾਦੁ ਰਚਾਏ॥' ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੮੨੩ ਤੇ, ਫ਼ੁਰਮਾਣ ਹੈ ਕਿ ਨਿੰਦਕ ਪ੍ਰਭੂ ਦਾ ਆਪਣਾ ਹੀ ਭੁਲਾਇਆ ਹੋਇਆ ਹੁੰਦਾ ਹੈ। ਇਹ ਸਮਝੋ ਕਿ ਉਸਦੀ ਮੌਤ, ਉਸ ਤੋਂ ਇਹ ਕੰਮ ਕਰਵਾਉਂਦੀ ਹੈ, ਜੋ ਉਹ ਹਰੀ ਦੇ ਜਨ, ਭਗਤ ਨਾਲ, ਵਾਦ ਰਚਾ ਰਚਾ ਕੇ ਝਗੜਾ ਖੜ੍ਹਾ ਕਰ ਲੈਂਦਾ ਹੈ - 'ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ॥' ੧੧੮੮ ਪੰਨੇ ਤੇ, ਫ਼ਿਰ ਫ਼ੁਰਮਾਣ ਕਰਦੇ ਹਨ ਕਿ ਜੋ ਸੰਤ ਜਨਾਂ ਨਾਲ ਵਿਵਾਦ ਦਾ ਬਖੇੜਾ ਕਰੀ ਰਖਦੇ ਹਨ ਉਨ੍ਹਾਂ ਨੂੰ ਜਮਰਾਜ ਸਜ਼ਾ ਦਿੰਦਾ ਹੈ - 'ਸੰਤ ਕੀ ਨਿੰਦਾ ਦੂਖ ਸਹਾਮ॥ ਡਾਨੁ ਦੈਤ ਨਿੰਦਕ ਕਉ ਜਾਮ॥' ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੪੯ ਤੇ, ਫ਼ੁਰਮਾਣ ਕਰਦੇ ਹਨ ਕਿ ਅਜਿਹੇ ਲੋਕ, ਸੰਤ ਜਨਾਂ ਨਾਲ ਤਾਂ ਵੈਰ ਕਮਾਉਂਦੇ ਹਨ ਅਤੇ ਉਨ੍ਹਾਂ ਦਾ ਪ੍ਰੇਮ ਦੁਸ਼ਟਾਂ ਨਾਲ ਹੁੰਦਾ ਹੈ - 'ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥ ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥' ਭਗਤ ਜਨਾਂ, ਸੰਤਾਂ ਦੇ ਨਿੰਦਕਾਂ ਬਾਰੇ ਸੁਖਮਨੀ ਸਾਹਿਬ ਵਿਚ ਬਹੁਤ ਕਰੜੀਆਂ ਸਜ਼ਾਵਾਂ ਦਸੀਆਂ ਗਈਆਂ ਹਨ। ਮਿਸਾਲ ਦੇ ਤੌਰ ਤੇ - '..ਸੰਤ ਕਾ ਨਿੰਦਕੁ ਮਹਾ ਹਤਿਆਰਾ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥...' ਪੂਰੀ ੧੩ਵੀਂ ਅਸਟਪਦੀ ਇਸ ਘੋਰ ਪਾਪ ਦੇ ਨਤੀਜੇ ਦਸ ਕੇ, ਇਸ ਤੋਂ ਵਰਜ ਰਹੀ ਹੈ।

**ਆਪੁ ਗਏ ਅਉਰਨ ਹੂ ਖੋਵਹਿ॥ ਆਗਿ ਲਗਾਇ ਮੰਦਰ ਮੈ ਸੋਵਹਿ॥੫॥**

-- ਆਪ ਤਾਂ ਉਹ ਕੁਰਾਹੇ ਪਏ ਹੀ ਹੁੰਦੇ ਹਨ, ਭਾਵ, ਆਪਣੀ ਪੱਤ ਤਾਂ ਗਵਾ ਹੀ ਚੁਕੇ ਹੁੰਦੇ ਹਨ, ਪਰ ਨਾਲ ਹੀ ਦੂਜਿਆਂ ਨੂੰ ਵੀ ਖ਼ੁਆਰ ਕਰਦੇ ਹਨ। ਐਸੇ ਮੂਰਖ ਮਨੁਖ, ਆਪਣੇ ਘਰ ਨੂੰ ਆਪ ਹੀ ਅੱਗ ਲਗਾ ਕੇ, ਉਸੇ ਵਿਚ ਹੀ ਸੌਂਦੇ ਹਨ।੫।

ਭਗਤ ਕਬੀਰ ਜੀ, ੩੨੮ ਪੰਨੇ ਤੇ, ਸਪੱਸ਼ਟ ਕਰਦੇ ਹਨ ਕਿ ਤ੍ਰਿਸ਼ਨਾ, ਇਕ ਐਸੀ ਅੱਗ ਹੈ ਜਿਸ ਵਿਚ ਦੇਵਤੇ ਤੇ ਨਰ, ਦੋਵੇਂ ਹੀ ਸੜ ਰਹੇ ਹਨ - 'ਸੁਰਿ ਨਰ ਦਾਧੇ ਲਾਗੀ ਆਗਿ॥' ੧੩੭੩ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਇਸ ਲਕੜੀ ਦੇ ਜਗ ਨੂੰ ਸਭ ਪਾਸਿਓਂ ਅਜਿਹੀ ਹੀ ਅੱਗ ਲਗੀ ਹੋਈ ਹੈ, ਜਿਸ ਵਿਚ ਵਿਦਵਾਨ ਪੰਡਤ, ਸਭ ਜਲ ਮਰੇ ਹਨ ਅਤੇ ਭਗਤ ਜਨ, ਜਿਨ੍ਹਾਂ ਨੂੰ ਵਿਦਵਾਨ ਪੰਡਤ, ਮੂਰਖ ਸਮਝਦੇ ਹਨ, ਵਿਦਵੱਤਾ ਦੇ ਹੰਕਾਰ ਦੀ ਅੱਗ ਤੋਂ ਭਜ ਜਾਣ ਕਰਕੇ ਬਚ ਗਏ - 'ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ॥ ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ॥'

## ਅਵਰਨ ਹਸਤ ਆਪ ਹਹਿ ਕਾਂਨੇ।। ਤਿਨ ਕਉ ਦੇਖਿ ਕਬੀਰ ਲਜਾਨੇ।।੬।।੧।।੪੪।।

-- ਦੂਜਿਆਂ ਦਾ ਸਦਾ ਮਖੌਲ ਉਡਾਉਂਦੇ ਹਨ, ਭਾਵੇਂ ਆਪ ਖ਼ੁਦ ਹੀ ਕਾਣੇ ਹੁੰਦੇ ਹਨ। ਕਬੀਰ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਅਜਿਹੇ ਮੂਰਖ ਬੰਦਿਆਂ ਨੂੰ ਵੇਖ ਕੇ ਤਾਂ ਕਬੀਰ ਜੀ ਨੂੰ, ਆਪ ਹੀ ਸ਼ਰਮ ਆ ਜਾਂਦੀ ਹੈ, ਭਾਵ, ਉਨ੍ਹਾਂ ਮੂਰਖਾਂ ਨੂੰ ਤਾਂ ਫ਼ਿਰ ਵੀ ਨਹੀਂ ਆਉਂਦੀ।੬।੧।੪੪।

ਦਸਮ ਪਾਤਸ਼ਾਹ ਨੇ ਬਚਿਤ੍ਰ ਨਾਟਕ ਵਿਚ ਫ਼ੁਰਮਾਣ ਕੀਤਾ ਹੈ ਕਿ ਪਰਮਾਰਥ ਦੇ ਨਾਮ ਤੇ ਜੋ ਪਾਪ ਕਰਦੇ ਹਨ ਉਨ੍ਹਾਂ ਤੋਂ ਤਾਂ ਮਹਾਂ ਪਾਪ ਵੀ ਸ਼ਰਮਾ ਜਾਂਦੇ ਹਨ - 'ਪਾਪ ਕਰੋ ਪਰਮਾਰਥ ਕੈ ਜਿਹ ਪਾਪਨ ਤੇ ਅਤਿ ਪਾਪ ਲਜਾਹੀ...।।੯੯।।'



17.10.2020